ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040211
Available online at: www.armaan.org.in
DOI: https://doi.org/10.64119/armaan.vol.4.issue2.11

# ਅਜਮੇਰ ਔਲਖ ਦੇ ਨਾਟਕ 'ਸਲਵਾਨ' ਦੇ ਮੁੱਖ ਸਰੋਕਾਰ

# Ajmer Aulakh De Natak ‘Salwaan’ De Mukh Sarokaar

**ਕਿਰਨਦੀਪ ਕੌਰ (Kirandeep Kaur)**
ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. of Punjabi)
ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)- 147002
Email ID: Kirandangon1992@gmail.com

**ਸਾਰ (Abstract)**

*ਇਸ ਅਧਿਐਨ ਦਾ ਕੇਂਦਰ ਅਜਮੇਰ ਔਲਖ ਦੇ ਨਾਟਕ ‘ਸਲਵਾਨ’ ਵਿੱਚ ਪੇਸ਼ ਹੋਣ ਵਾਲੇ ਸਮਾਜਿਕ, ਆਰਥਿਕ ਅਤੇ ਮਨੁੱਖੀ ਸਰੋਕਾਰਾਂ ਦੀ ਆਲੋਚਨਾਤਮਿਕ ਪੜਚੋਲ ਕਰਨਾ ਹੈ। ਨਾਟਕ ਵਿੱਚ ਪੇਸ਼ ਹੋਏ ਵਰਗ ਸੰਘਰਸ਼, ਗ਼ਰੀਬੀ, ਨਿਮਨ ਕਿਸਾਨੀ, ਔਰਤ ਦੀ ਮਾੜੀ ਹਾਲਤ, ਪੇਂਡੂ ਵਰਗ ਦੇ ਸੰਘਰਸ਼ ਨੂੰ ਕੇਂਦਰ ਵਿੱਚ ਰੱਖ ਕੇ ਉਨਾਂ ਦੇ ਦੁੱਖਾਂ, ਸੰਘਰਸ਼, ਨੂੰ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਔਲਖ ਇਸ ਨਾਟਕ ਵਿੱਚ ਮਿੱਥ ਕਥਾ ਦੇ ਆਧਾਰ ’ਤੇ ਸਮਾਜ ਵਿੱਚ ਵਾਪਰ ਰਹੇ ਆਰਥਿਕ ਸੰਕਟ ਵਿੱਚ ਗ੍ਰਸਤ ਕਿਸਾਨੀ ਦੇ ਸੰਕਟ ਨੂੰ ਪੇਸ਼ ਕਰਦਾ ਹੈ। ਜਿਸ ਰਾਹੀਂ ਉਹ ਰਿਸ਼ਤਿਆਂ ’ਚ ਵਾਪਰ ਰਹੀ ਟੁੱਟ ਭੱਜ ਨੂੰ ਪੇਸ਼ ਕਰਦਾ ਹੈ। ਔਲਖ ਇਸ ਰਚਨਾ ਰਾਹੀਂ ਨਿਮਨ ਕਿਸਾਨੀ ਦੀ ਮਾੜੀ ਆਰਥਿਕਤਾ ਵਿੱਚੋਂ ਉਪਜੇ ਭਾਵੁਕ ਅਤੇ ਬੌਧਿਕ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਸਮੱਸਿਆ ਦੇ ਵਿਭਿੰਨ ਪਸਾਰਾਂ ਵੱਲ ਸੰਕੇਤ ਕਰਦਾ ਹੈ। ਆਰਥਿਕ ਸੰਕਟ ਵਿੱਚ ਨਪੀੜੀ ਨਿਮਨ ਕਿਰਸਾਨੀ ਦੇ ਭਾਵੁਕ ਮਸਲਿਆਂ ਦਾ ਪ੍ਰਸ਼ਨ ਉਭਾਰਦੀ ਇਹ ਨਾਟ-ਰਚਨਾ ਮਾਨਵੀ ਰਿਸ਼ਤਿਆਂ ਦੇ ਵਿਆਪ ਰਹੇ ਸੰਕਟ ਦੀ ਬੜੀ ਕਲਾਤਮਕਤਾ ਨਾਲ ਨਿਸ਼ਾਨਦੇਹੀ ਕਰਦੀ ਹੈ। ਔਲਖ ਨਾਟਕ ਵਿੱਚ ਪੇਸ਼ ਨਾਰੀ ਪਾਤਰਾਂ ਰਾਹੀਂ ਔਰਤ ਨੂੰ ਅਨਿਆਂ ਅਤੇ ਧੱਕੇ ਪ੍ਰਤੀ ਸੁਚੇਤ ਕਰ ਕੇ ਸੰਘਰਸ਼ ਦੇ ਰਾਹ ’ਤੇ ਤੁਰਨ ਦੀ ਹੱਲਾਸ਼ੇਰੀ ਦਿੰਦਾ ਹੈ।*

***ਕੀਵਰਡ (Keyword):*** *ਸਮਾਜਿਕ ਯਥਾਰਥਵਾਦ, ਨਿਮਨ ਕਿਰਸਾਨੀ, ਨੈਤਿਕ ਮੁੱਲ, ਵਰਗ ਸੰਘਰਸ਼, ਨਾਰੀ ਚੇਤਨਾ, ਪੰਜਾਬੀ ਨਾਟਕ ਸਾਹਿਤ।*

ਅਜਮੇਰ ਔਲਖ ਦਾ ਪੰਜਾਬੀ ਨਾਟਕ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਹੈ। ਸਧਾਰਨ ਪਰਿਵਾਰ ਵਿੱਚ ਜੰਮੇ ਪਲੇ ਹੋਣ ਕਾਰਨ ਉਸਦੇ ਨਾਟਕਾਂ ਵਿੱਚ ਛੋਟੀ ਕਿਸਾਨੀ ਦੇ ਜੀਵਨ ਦੀ ਤ੍ਰਾਸਦਿਕ ਹਾਲਤ ਮੂਰਤੀਮਾਨ ਹੁੰਦੀ ਹੈ। ਔਲਖ ਇਸ ਨਾਟਕ ਵਿੱਚ ਮਿੱਥ ਕਥਾ ਦੇ ਆਧਾਰ ’ਤੇ ਸਮਾਜ ਵਿੱਚ ਵਾਪਰ ਰਹੇ ਆਰਥਿਕ ਸੰਕਟ ਵਿੱਚ ਗ੍ਰਸਤ ਕਿਸਾਨੀ ਦੇ ਸੰਕਟ ਨੂੰ ਪੇਸ਼ ਕਰਦਾ ਹੈ। ਜਿਸ ਰਾਹੀਂ ਉਹ ਰਿਸ਼ਤਿਆਂ ’ਚ ਵਾਪਰ ਰਹੀ ਟੁੱਟ ਭੱਜ ਨੂੰ ਪੇਸ਼ ਕਰਦਾ ਹੈ। ਔਲਖ ਇਸ ਰਚਨਾ ਰਾਹੀਂ ਨਿਮਨ ਕਿਸਾਨੀ ਦੀ ਮਾੜੀ ਆਰਥਿਕਤਾ ਵਿੱਚੋਂ ਉਪਜੇ ਭਾਵੁਕ ਅਤੇ ਬੌਧਿਕ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਸਮੱਸਿਆ ਦੇ ਵਿਭਿੰਨ ਪਸਾਰਾਂ ਵੱਲ ਸੰਕੇਤ ਕਰਦਾ ਹੈ। ਇਸ ਨਾਟਕ ਵਿੱਚ ਕਾਦਰਯਾਰ ਵਾਲੀ ਮੂਲ ਕਥਾ ਦਾ ਵਿਸਥਾਰ ਨਹੀਂ ਹੈ ਤੇ ਨਾ ਹੀ ਉਸ ਮੂਲ ਕਥਾ ਵਾਲੀਆਂ ਪ੍ਰਸਥਿਤੀਆਂ ਹਨ। ਨਾਟਕਕਾਰ ਨੇ ਪੂਰਨ ਦੀ ਕਥਾ ਨਾਲ ਮਿਲਦੀਆਂ ਜੁਲਦੀਆਂ,ਵਾਪਰੀਆਂ ਅਤੇ ਦੇਖੀਆਂ ਘਟਨਾਵਾਂ ਨੂੰ ਆਪਣੀ ਕਲਪਨਾ ਵਿੱਚ ਗਲੇਫ਼ ਕੇ ਨਾਟਕੀ ਦ੍ਰਿਸ਼ ਰਾਹੀਂ ਉਜਾਗਰ ਕੀਤਾ ਹੈ। ਅਜਮੇਰ ਔਲਖ ਨੇ ਇਸ ਤੱਥ ਨੂੰ ਆਪ ਹੀ ਸਵਿਕਾਰ ਕੀਤਾ ਹੈ:

> *ਇਹ ਨਾਟਕ ਪੂਰਨ ਲੂਣਾ ਸਲਵਾਨ ਦੇ ਜੀਵਨ ਦੀ ਅਸਲ ਕਹਾਣੀ ਨਹੀਂ ਅਤੇ ਨਾ ਮਿਥਿਹਾਸਕ ਕਥਾ ਦੀ ਨਵੀਂ ਵਿਆਖਿਆ ਹੈ। ਇਸ ਨਾਟਕ ਦੇ ਪਿਛੋਕੜ ਵਿੱਚ ਪੂਰਨ ਦੀ ਮਿੱਥ ਨਾਲ ਮਿਲਦੀ ਜੁਲਦੀ ਇਕ ਨੇੜਿਓਂ ਦੇਖੇ ਕਿਸਾਨ ਪਰਿਵਾਰ ਦੀ ਕਥਾ ਪਈ ਹੈ, ਜਿਸਨੂੰ ਉਸ ਨੇ ਆਪਣੀ ਕਲਪਨਾ ਅਤੇ ਦ੍ਰਿਸ਼ਟੀ ਨਾਲ ਨਿਵੇਕਲਾ ਸਾਹਿਤਕ ਰੰਗ ਦਿੱਤਾ ਹੈ।* [1]

ਇਸ ਨਾਟਕ ਦਾ ਸੰਬੰਧ ਸਿੱਧੇ ਤੌਰ ’ਤੇ ਮੂਲ ਕਥਾ ਨਾਲ ਨਹੀਂ ਜੁੜਦਾ ਕਿਉਂਕਿ ਇਸ ਨਾਟਕ ਦਾ ਨਾਂ ‘ਸਲਵਾਨ’ ਹੈ ਤੇ ‘ਅੱਛਰੋ’ ਨਾਂ ਦੀ ਪਾਤਰ ਹੈ, ਜੋ ਕਿ ਇੱਛਰਾਂ ਹੋਣ ਦਾ ਪ੍ਰਭਾਵ ਸਿਰਜਦੀ ਹੈ। ਨਾਟਕ ਦੀ ਪਹਿਲੀ ਝਾਕੀ ਵਿੱਚ ਹੀ ਅੱਛਰੋ ਦੁਆਰਾ ਸਲਵਾਨ ਨੂੰ ਬਾਂਹ ਫੜ੍ਹ ਕੇ ਰੋਕਣਾ, ਅੱਛਰੋ ਵਿੱਚ ਪਈ ਅਣਖ ਨੂੰ ਪੇਸ਼ ਕਰਦਾ ਹੈ ਜੋ ਕਿ ਆਪਣੇ ਪਤੀ ਨੂੰ ਲੁੱਟਮਾਰ ਲਈ ਜਾਣ ਤੋਂ ਰੋਕਦੀ ਹੈ ਪਰ ਸਲਵਾਨ ਇਸ ਵਿੱਚ ਆਪਣੀ ਹੱਤਕ ਸਮਝਦਾ ਹੋਇਆ ਅੱਛਰੋ ਦੀ ਕੁੱਟ ਮਾਰ ਕਰਦਾ ਹੈ:

> *ਸਲਵਾਨ: (ਬੰਦੂਕ ਦਾ ਬੱਟ ਅੱਛਰੋ ਦੇ ਮਾਰਦਾ) ਤੇਰੀ ਓਇ ਮਾਂ ਦੀ ਬਦਮਾਸ਼ ਤੀਵੀਂ ਦੀ !*
>
> *ਅੱਛਰੋ: (ਸੱਟ ਨਾਲ ਚੀਖਦੀ) ਬੂਹ ਮਾਰਤੀ ਵੇ ਲੋਕੋ !* [2]

ਅੱਛਰੋ ਇਕ ਅਜਿਹੀ ਇਸਤਰੀ ਹੈ ਜੋ ਕਿ ਲੁੱਟਮਾਰ ਦੀ ਕਮਾਈ ਨਾਲੋਂ ਗ਼ਰੀਬੀ ਦਾ ਜੀਵਨ ਜਿਉਣਾ ਬਿਹਤਰ ਸਮਝਦੀ ਹੈ:

> *ਅੱਛਰੋ: ਵਿੱਛੂੰਗੀ ਕਲੇਸ਼, ਮੈਂ ਤਾਂ ਵਿੱਛੂੰਗੀ, ਮੈਨੂੰ ਨਹੀਂ ਲੋੜ ਇਹੋ ਜੇ ਘਰ ਬਣਾਉਣ ਦੀ ਮੈਂ ਤਾਂ ਕੱਚਿਆਂ ਚ ਈ ਜੂਨ ਕੱਟ-ਲੂੰ* [3]

 Received: 04 May 2026 Accepted: 31 May 2026 Published: 05 June 2026

ਪਰ ਸਲਵਾਨ ਉਸ ਦੀ ਇੱਕ ਨਹੀਂ ਸੁਣਦਾ ਤੇ ਉਸ ਨੂੰ ਛੱਡ ਕੇ ਚਲਾ ਜਾਂਦਾ ਹੈ। ਅੱਛਰੋ ਸਲਵਾਨ ਦੇ ਪੁੱਤਰ ਨੂੰ ਆਪਣੇ ਜੇਠ ਦੇ ਪੁੱਤਰ ਵਜੋਂ ਸਵੀਕਾਰ ਕਰਵਾਉਣ ਲਈ ਮਜ਼ਬੂਰ ਹੁੰਦੀ ਹੈ। ਅੱਛਰੋ ਦੀ ਨਾ ਕੋਈ ਸਹੁਰੇ ਘਰ ਪੇਸ਼ ਜਾਂਦੀ ਹੈ ਅਤੇ ਨਾ ਹੀ ਪੇਕੇ ਮੁੜ ਸਕਦੀ ਹੈ ਕਿਉਂਕਿ ਅੱਛਰੋ ਦੇ ਮਾਂ ਬਾਪ ਇਸ ਦੁਨੀਆਂ ਵਿੱਚ ਨਹੀਂ ਰਹੇ। ਭੈਣਾਂ ਵੀ ਆਪਣੇ ਘਰਾਂ ਵਿੱਚ ਦੁਖੀ ਹਨ। ਇਸੇ ਕਰਕੇ ਅੱਛਰੋ ਹੱਥ ਹੋਰ ਕੋਈ ਚਾਰਾ ਨਾ ਹੋਣ ਕਰਕੇ ਉਸਨੂੰ ਜੇਠ ਦੇ ਘਰ ਹੀ ਵੱਸਣਾ ਪੈਂਦਾ ਹੈ। ਇਸ ਬਾਰੇ ਡਾ.ਉਮਾ ਸੇਠੀ ਲਿਖਦੇ ਹਨ:

*ਅੱਛਰੋ ਦੀ ਮਾਨਸਿਕਤਾ ਦਾ ਅਜਿਹਾ ਪ੍ਰਸੰਗ ਭਾਰਤੀ ਸਮਾਜ ਵਿੱਚ ਵਿਆਹੀ-ਵਰੀ ਔਰਤ ਦਾ ਮਰਦ ਤੋਂ ਬਿਨਾਂ ਇਕੱਲਿਆਂ ਰਹਿਣ ਦੇ ਸੰਕਟ ਨੂੰ, ਅਸੁਰੱਖਿਅਤਾ ਨੂੰ ਸੰਕੇਤਕ ਢੰਗ ਨਾਲ ਉਭਾਰਦਾ ਸਮੱਸਿਆ ਦੀਆਂ ਵਿਭਿੰਨ ਪਰਤਾਂ ਨੂੰ ਉਜਾਗਰ ਕਰਦਾ ਹੈ।* [4]

ਨਾਟਕ ਵਿੱਚ ਪੇਸ਼ ਅੱਛਰੋ ਤੇ ਸਲਵਾਨ ਦਾ ਰਿਸ਼ਤਾ ਆਪਸੀ ਪਿਆਰ ਵਾਲਾ ਨਹੀਂ ਬਲਕਿ ਦਾਬੇ ਦਾ ਰਿਸ਼ਤਾ ਹੈ। ਸਲਵਾਨ ਅੱਛਰੋ ਨੂੰ ਕੁਝ ਨਾ ਸਮਝਦਾ ਹੋਇਆ ਆਪਣੀ ਐਸ਼ਪ੍ਰਸਤੀ ਲਈ ਛੱਡ ਕੇ ਚਲਾ ਜਾਂਦਾ ਹੈ। ਅੱਛਰੋ ਦੇ ਵਿਰੋਧ ਕਰਨ 'ਤੇ ਵੀ ਸਲਵਾਨ ਉਸ ਦੀ ਇੱਕ ਨਹੀਂ ਸੁਣਦਾ ਬਲਕਿ ਉਸ ਦੀ ਹੇਠੀ ਕਰਦਾ ਹੈ। ਉਹ ਪਰਿਵਾਰ ਦਾ ਪਿਆਰ ਚਾਹੁੰਦੀ ਹੈ ਭਾਵੇਂ ਉਸ ਨੂੰ ਗ਼ਰੀਬੀ ਦੇ ਦਿਨ ਕੱਟਣੇ ਪੈਣ।

ਨਾਟਕਕਾਰ ਨੇ ਸਮਾਜਿਕ ਰਿਸ਼ਤੇ ਨਾਤੇ ਨੂੰ ਬਦਲ ਕੇ ਸਮਾਜਿਕ ਕਦਰਾਂ ਕੀਮਤਾਂ ਨੂੰ ਤੋੜਿਆ ਹੈ। ਮਰਿਆਦਾ ਭੁੱਲ ਕੇ ਅੱਛਰੋ ਕਦੇ ਵੀ ਆਪਣੇ ਜੇਠ ਦੇ ਘਰ ਨਹੀਂ ਬੈਠ ਸਕਦੀ ਅਤੇ ਨਾ ਹੀ ਆਪਣੇ ਪਤੀ ਦੀ ਔਲਾਦ ਨੂੰ ਕਿਸੇ ਹੋਰ ਦਾ ਨਾਂ ਦੇ ਸਕਦੀ ਹੈ। ਉੱਧਰ ਸਲਵਾਨ ਘਰ ਬਾਰ ਤਿਆਗ ਕੇ ਲੁੱਟ ਮਾਰ ਕਰਦਾ ਹੈ। ਆਪਣਾ ਨਵਾਂ ਘਰ ਵਸਾਉਣ ਦੀਆਂ ਵਿਉਂਤਾਂ ਬਣਾਉਂਦਾ ਹੋਇਆ ਲੂਣੀ ਨਾਮ ਦੀ ਕੁੜੀ ਨੂੰ ਪੈਸੇ ਦੇ ਜ਼ੋਰ ਨਾਲ ਵਿਆਹ ਲਿਆਉਂਦਾ ਹੈ। ਦੂਜੇ ਪਾਸੇ ਲੂਣੀ ਦੇ ਦਿਲ ਵਿੱਚ ਵੀ ਸਲਵਾਨ ਲਈ ਈਰਖਾ ਹੈ। ਉਸ ਨੂੰ ਸਲਵਾਨ ਦੀ ਜਾਇਦਾਦ ਵੱਢੀ ਰੂਹ ਨਹੀਂ ਭਾਉਂਦੀ ਬਲਕਿ ਉਹ ਆਪਣੇ ਹਾਣ ਦਾ ਵਰ ਲੋਚਦੀ ਹੈ ਤੇ ਮਨ ਦੀਆਂ ਸੱਧਰਾਂ ਦੀ ਪੂਰਤੀ ਕਰਨੀ ਲੋਚਦੀ ਹੈ ਜੋ ਕਿ ਸਲਵਾਨ ਨਹੀਂ ਕਰ ਸਕਦਾ। ਸਰਮਾਏਦਾਰੀ ਵਿਵਸਥਾ ਵਿੱਚ ਧਨ ਦੀ ਦੁਰਵਰਤੋਂ ਰਾਹੀਂ ਨਿਮਨ ਵਰਗ ਦੀਆਂ ਭਾਵਨਾਵਾਂ ਨਾਲ ਹੁੰਦੇ ਖਿਲਵਾੜ ਪ੍ਰਤੀ ਸੰਕੇਤ ਕਰ ਕੇ ਔਲਖ ਨੇ ਸਮੱਸਿਆ ਨੂੰ ਜਮਾਤੀ ਸਮਾਜ ਦੇ ਸੰਕਟ ਨਾਲ ਜੋੜਿਆ ਹੈ। ਇਸ ਨਾਟਕ ਵਿੱਚ ਦਿਖਾਇਆ ਗਿਆ ਹੈ ਕਿ ਇੱਥੇ ਪੂਰਨ ਤੇ ਲੂਣੀ ਇੱਕ ਦੂਜੇ ਨੂੰ ਦੇਖਦੇ ਹੀ ਆਪਣਾ ਆਪਾ ਭੁੱਲ ਜਾਂਦੇ ਹਨ ਜਦਕਿ ਦੋਵਾਂ ਦਾ ਰਿਸ਼ਤਾ ਸਮਾਜਿਕ ਮਰਿਆਦਾ ਅਨੁਸਾਰ ਮਾਂ ਪੁੱਤਰ ਦਾ ਰਿਸ਼ਤਾ ਹੈ। ਮਾਂ ਪੁੱਤਰ ਦੇ ਰਿਸ਼ਤੇ ਵਿੱਚ ਕਾਮੁਕਤਾ ਪੇਸ਼ ਕਰਕੇ ਸਮਾਜ ਵਿੱਚ ਅਪ੍ਰਵਾਨਿਤ ਸੰਬੰਧਾਂ ਨੂੰ ਪੇਸ਼ ਕੀਤਾ ਗਿਆ ਹੈ ਜਿਸ ਨੂੰ ਸਾਡਾ ਸਮਾਜ ਕਦੇ ਵੀ ਪ੍ਰਵਾਨ ਨਹੀਂ ਕਰ ਸਕਦਾ। ਪੂਰਨ ਜੋ ਕਿ ਮੂਲ ਕਥਾ ਦੇ ਅਨੁਸਾਰ ਜਦ ਸਤ ਦਾ ਪ੍ਰਤੀਕ ਇੱਕ ਭਗਤ ਹੈ। ਉਹ ਅਜਿਹਾ ਨਹੀਂ ਕਰ ਸਕਦਾ ਬਲਕਿ ਮਰਿਆਦਾ ਦੇ ਦਾਇਰੇ ਵਿੱਚ ਵਿੱਚਰਦੇ ਹੋਏ ਉਹ ਲੂਣੀ ਨੂੰ ਆਪਣੀ ਮਾਂ ਦੇ ਰੂਪ ਵਿੱਚ ਸਵੀਕਾਰ ਕਰ ਸਕਦਾ ਸੀ ਨਾ ਕਿ ਪ੍ਰੇਮਿਕਾ ਦੇ ਰੂਪ ਵਿੱਚ। ਇੱਥੇ ਪਹਿਲ ਲੂਣੀ ਨਹੀਂ ਸਗੋਂ ਪੂਰਨ ਕਰਦਾ ਹੈ। ਇਹ ਨਾਟਕ ਮੂਲ ਕਥਾ ਵਿੱਚ ਪੇਸ਼ ਮਰਿਆਦਾ ਦੇ ਘੇਰੇ ਨੂੰ ਤੋੜਦਾ ਵਿਖਾਈ ਦਿੰਦਾ ਹੈ:

*ਪੂਰਨ: (ਉਸੇ ਤਰ੍ਹਾਂ ਖੋਇਆ ਜਿਹਾ) ਵਾਹ! ਵਾਹ! ਮੇਰੇ ਰੱਬਾ ਵਾਹ ਤੇਰੀਆਂ ਸਿਰਜੀਆਂ ਮੂਰਤਾਂ!*

*ਲੂਣੀ: (ਡਰ ਅਤੇ ਦੁੱਖ ਨਾਲ) ਨਾ ਪੂਰਨਾ ਇਹ ਅਨਰਥ ਨਾ ਕਰ ਇਹ ਪਾਪ..........*

*ਪੂਰਨ: (ਉਸੇ ਤਰ੍ਹਾਂ ਕਾਵਿਕ ਅੰਦਾਜ਼ ਵਿੱਚ)*

*ਕੀ ਪਾਪ ਤੇ ਕੀ ਹੈ ਪੁੰਨ ਲੂਣੀ*

*ਮੈਨੂੰ ਭੁੱਲ ਗਏ ਧਰਮ ਉਪਦੇਸ਼ ਸਾਰੇ।* [5]

ਅੱਛਰੋ ਇੱਕ ਅਜਿਹੀ ਬੇਵੱਸ ਪਾਤਰ ਵਜੋਂ ਪੇਸ਼ ਹੁੰਦੀ ਹੈ ਜਿਸ ਨੂੰ ਆਪਣੀਆਂ ਨਿੱਕੀਆਂ-ਨਿੱਕੀਆਂ ਗਰਜ਼ਾਂ ਦੀ ਪੂਰਤੀ ਲਈ ਸਲਵਾਨ ਦੇ ਦਰ 'ਤੇ ਆਉਣਾ ਪੈਂਦਾ ਹੈ ਪਰ ਸਲਵਾਨ ਦੇ ਘਰ ਆਉਂਦਿਆਂ ਹੀ ਅੱਛਰੋ ਦੀ ਆਵਾਜ਼ ਵਿੱਚੋਂ ਬੇਵਸੀ ਝਲਕਦੀ ਹੈ, ਰੋਸ ਜ਼ਾਹਰ ਹੁੰਦਾ ਹੈ:

*ਅੱਛਰੋ: ਵੇ ਘਰ ਈ ਐਂ ਸਲਵਾਨਾ ਪਟਮੇਲੀ ਪੈਣਿਆਂ ਕਿ (ਅੰਦਰ ਆਉਂਦੀ) ਉੱਜੜਿਆ ਵਿਐਂ ਕਿਸੇ ਪਾਸੇ।*

*(ਲੂਣੀ ਮੁਸਕਾਂਦੀ ਉਹਦੇ ਪੈਰ ਛੂੰਹਦੀ ਹੈ) ਜਿਉਂਦੀ ਰਹਿ ਜੁਆਨੀਆਂ ਮਾਣੇ ਰੱਬ ਕੌੜੀ ਵੇਲ ਵਾਂਗੂ ਵਧਾਵੇ (ਅੰਦਰ ਵੱਲ ਵੇਖਦੀ ਮੰਜੇ ਉੱਤੇ ਬੈਠਦੀ) ਹੈ-ਗਾ, ਕਿ ਕਿਸੇ ਠਾਣੇ ਕਚਹਿਰੀ ਚੜ੍ਹਿਆ ਵਿਐਂ।* [6]

ਅੱਛਰੋ ਸਲਵਾਨ ਨੂੰ ਕੋਰਾ ਬੰਦਾ ਕਹਿੰਦੀ ਹੋਈ ਆਪਣੀ ਬੇਵਸੀ ਬਿਆਨ ਕਰਦੀ ਹੈ ਕਿ ਉਹ ਮਜ਼ਬੂਰ ਹੈ ਤੇ ਆਪਣੀਆਂ ਗਰਜ਼ਾਂ ਦੀ ਪੂਰਤੀ ਲਈ ਉਸ ਨੂੰ ਅਣਸਰਦੇ ਹੋਏ ਸਲਵਾਨ ਦੇ ਬੂਹੇ ਆਉਣਾ ਪੈਂਦਾ ਹੈ।ਇਸ ਨਾਟਕ ਵਿੱਚ ਸਾਰੇ ਰਿਸ਼ਤੇ ਨਾਤੇ ਹੀ ਬਦਲ ਗਏ ਦਿਖਾਈ ਦਿੰਦੇ ਹਨ:

*ਅੱਛਰੋ: ਕੁੜੇ ਕਿਹੜਾ ਦਿਓਰ ਇਹ ਤਾਂ ਬਲਾਈ ਕੋਰਾ ਬੰਦਾ ਐ ਇਹ ਨੀ ਤਿਉਹ ਤੁਹ ਰੱਖਣ ਆਲਾ ਬੰਦਾ। ਇਹ ਤਾਂ ਇੱਕ ਅਣਸਰਦੇ ਨੂੰ ਆਉਣਾ ਪੈਂਦੈ ਹੈ ਕੀ ਕਰੀਏ, ਗੌਂ ਵੇਲੇ ਤਾਂ ਗਧੇ ਨੂੰ ਵੀ ਪਿਓ ਆਖਣਾ ਪੈਂਦੈ (ਪਾਣੀ ਪੀਂਦੀ ਹੈ)* [7]

ਇੱਥੇ ਅੱਛਰੋ ਤੇ ਲੂਣੀ ਦਾ ਰਿਸ਼ਤਾ ਬੇਸ਼ੱਕ ਸੌਂਕਣ ਵਾਲਾ ਹੈ ਪਰ ਉਨ੍ਹਾਂ ਵਿੱਚ ਇੱਕ ਸਾਂਝ ਜ਼ਰੂਰ ਵਿਖਾਈ ਦਿੰਦੀ ਹੈ। ਉਹ ਸਾਂਝ ਹੈ ਉਨ੍ਹਾਂ ਦੀ ਗ਼ਰੀਬੀ ਦੀ ਤੇ ਬੇਵਸੀ ਵਾਲੀ ਸਾਂਝ। ਲੂਣੀ ਵੀ ਗ਼ਰੀਬ ਘਰ ਦੀ ਧੀ ਹੈ ਜਿਸ ਨੂੰ ਪੈਸੇ ਦੇ ਜ਼ੋਰ ਨਾਲ ਸਲਵਾਨ ਵਿਆਹ ਲਿਆਇਆ ਹੈ ਤੇ ਅੱਛਰੋ ਵੀ ਗ਼ਰੀਬੀ ਦੀ ਮਾਰੀ ਬੇਵੱਸ ਔਰਤ ਹੈ ਜਿਸ ਨੂੰ ਅਣਸਰਦੇ ਹੋਏ ਸਲਵਾਨ ਦੇ ਬੂਹੇ ਆਉਣਾ ਪੈਂਦਾ ਹੈ। ਦੋਹਾਂ ਵਿੱਚੋਂ ਗ਼ਰੀਬੀ ਦੀ ਸਾਂਝ ਦੇ ਨਾਲ-ਨਾਲ ਅਪਣੱਤ ਅਤੇ ਹਮਦਰਦੀ ਦਾ ਰਿਸ਼ਤਾ ਵੀ ਦਿਖਾਈ ਦਿੰਦਾ ਹੈ। ਦੋਵੇਂ ਇਕ ਦੂਜੇ ਨਾਲ ਆਪਣੇ ਦੁੱਖਾਂ ਨੂੰ ਸਾਂਝੇ ਕਰਕੇ ਦਿਲ ਨੂੰ ਹੌਲਾ ਕਰਦੀਆਂ ਵਿਖਾਈ ਦਿੰਦੀਆਂ ਹਨ।

ਅਜਿਹਾ ਹੋਣਾ ਅਸੁਭਾਵਿਕ ਪ੍ਰਤੀਤ ਹੁੰਦਾ ਹੈ ਕਿ ਭਾਰਤੀ ਸਮਾਜ ਦੀ ਔਰਤ ਆਪਣੇ ਪਤੀ ਦੇ ਘਰ ਦੂਜੀ ਔਰਤ ਨੂੰ ਵੇਖ ਸਕੇ। ਆਪਣੀ ਜਗ੍ਹਾ ਕਿਸੇ ਦੂਜੀ ਔਰਤ ਨੂੰ ਬੈਠੀ ਦੇਖਣਾ ਇੱਕ ਔਰਤ ਸਹਿ ਨਹੀਂ ਸਕਦੀ ਪਰ ਏਥੇ ਅੱਛਰੋ ਨੂੰ ਲੂਣੀ ਦੇ

ਆਉਣ ਦਾ ਕੋਈ ਰੋਸ ਜਾਂ ਵਿਰੋਧ ਨਹੀਂ ਹੁੰਦਾ ਬਲਕਿ ਅੱਛਰੋ ਤਾਂ ਲੂਣੀ ਨੂੰ ਆਸ਼ੀਰਵਾਦ ਦਿੰਦੀ ਹੈ। ਉਸ ਨੂੰ ਸਿਆਣੀ ਔਰਤ ਦੱਸਦੀ ਹੈ:

*ਅੱਛਰੋ: (ਲੂਣੀ ਉਹਦੇ ਪੈਰ ਛੂੰਹਦੀ ਹੈ। ਉਹ ਬਦਲੇ ਵਿੱਚ ਅਸੀਸਾਂ ਦਿੰਦੀ ਹੈ) ਜਿਊਂਦੀ*

*ਰਹਿ ਦੁੱਧੀਂ ਪੁੱਤੀਂ ਨਾਹਵੇਂ ਰੱਬ ਮਨ ਦੀਆਂ ਮੁਰਾਦਾਂ ਪੂਰੀਆਂ ਕਰੇ।*[8]

*ਇਹ ਸਭ ਅੱਛਰੋ ਆਪਣੇ ਪੁੱਤਰ ਲਈ ਕਰਦੀ ਹੈ ਕਿਉਂਕਿ ਅੱਛਰੋ ਨੂੰ ਆਪਣੀ ਗ਼ਰੀਬੀ ਦੇ ਸਾਹਮਣੇ ਪੁੱਤਰ ਦਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ:*

*ਅੱਛਰੋ: ਗ਼ਰੀਬੀ ਮੱਤ ਮਾਰ ਦਿੰਦੀ ਐ ਬੰਦੇ ਦੀ। ਹੁਣ ਤੂੰ ਮੇਰੇ ਪੂਰਨ ਅੱਲ ਈ ਵੇਖ ਲੈ।*

*ਪੂਰੀਆਂ ਸੋਲ੍ਹਾਂ ਜਮਾਤਾਂ ਪੜ੍ਹਿਐ। ਸਾਰੇ ਜਗ-ਜਹਾਨ ਦੀ ਸੂਹ ਐ ਉਹਨੂੰ। ਪਰ ਕਿਸ ਕੰਮ ਘਰ ਦੀ ਕਮਜ਼ੋਰੀ ਨੇ ਕਮਲਾ ਬਣਾ ਧਰਿਐ।* [9]

ਪੁੱਤਰ ਦੀ ਨੌਕਰੀ ਲਈ ਪੈਸੇ ਦੇ ਲਾਲਚ ਨੂੰ ਅੱਛਰੋ ਲੂਣੀ ਨੂੰ ਸਲਵਾਨ ਅੱਗੇ ਪੂਰਨ ਨੂੰ ਪੈਸੇ ਦੇਣ ਦੀ ਸਿਫ਼ਾਰਸ਼ ਪਾਉਣ ਲਈ ਕਹਿੰਦੀ ਹੈ। ਆਪਣੇ ਪੁੱਤਰ ਦੇ ਭਵਿੱਖ ਤੋਂ ਬਿਨਾਂ ਅੱਛਰੋ ਨੂੰ ਕੁਝ ਵਿਖਾਈ ਨਹੀਂ ਦਿੰਦਾ। ਉਹ ਪੁੱਤਰ ਦੀ ਨੌਕਰੀ ਤੇ ਉਸ ਦੀ ਖ਼ੁਸ਼ੀ ਲਈ ਵਾਰ-ਵਾਰ ਸਲਵਾਨ ਦੇ ਘਰ ਅਪਮਾਨਤ ਹੋਣ ਨੂੰ ਵੀ ਤਿਆਰ ਰਹਿੰਦੀ ਹੈ। ਅੱਛਰੋ ਜੋ ਜਾਣਦੀ ਹੈ ਕਿ ਪੈਸੇ ਦੀ ਤਾਕਤ ਅੱਗੇ ਸਮਾਜਿਕ ਰਿਸ਼ਤੇ ਨਾਤੇ ਵੀ ਬਦਲ ਜਾਂਦੇ ਹਨ। ਗ਼ਰੀਬੀ ਦੀ ਮਾਰੀ ਹੋਈ ਅੱਛਰੋ ਆਪਣੇ ਪੁੱਤਰ ਪੂਰਨ ਨੂੰ ਵੀ ਇਹੀ ਸਮਝਾਉਂਦੀ ਹੈ:

*ਅੱਛਰੋ: ਪੈਸੇ ਚ ਬੜੀ ਪਰਾਲਭਤ ਐ ਅਹੁ ਦੇਖ ਲੈ ਤੇਰੇ ਸਾਹਮਣੇ ਪੰਜਾਹਾਂ ਨੂੰ ਢੁੱਕਿਆ ਤੇਰਾ ਚਾਚਾ ਪਰੀਆਂ ਵਰਗੀ ਤੀਵੀਂ ਲੈ ਆਇਆ ਪੈਸੇ ਦੇ ਸਿਰ ਤੇ(ਅੱਖਾਂ ਭਰਦੀ)* [10]

ਵਿਦੇਸ਼ ਜਾਣ ਲਈ ਵਿਆਜ ਤੇ ਪੈਸੇ ਮੰਗਣ ਆਏ ਪੂਰਨ ਨੂੰ ਸਲਵਾਨ ਕੁੱਤਾ, ਬਿੱਲਾ ਕਹਿੰਦਾ ਹੈ। ਸਲਵਾਨ ਜਿੱਥੇ ਅਮੀਰ ਤੇ ਚਾਲਬਾਜ਼ ਆਦਮੀ ਹੈ ਉਥੇ ਉਸ ਦੇ ਮਨ ਵਿੱਚ ਖੂਨ ਦੇ ਰਿਸ਼ਤੇ ਲਈ ਕੋਈ ਹੇਜ ਨਹੀਂ ਬਲਕਿ ਉਸ ਨੂੰ ਆਪਣੇ ਪੈਸੇ ਅੱਗੇ ਕੁਝ ਵਿਖਾਈ ਨਹੀਂ ਦਿੰਦਾ। ਸਲਵਾਨ ਨੂੰ ਭਾਵੇਂ ਪੂਰਨ ਤੇ ਲੂਣੀ ਦੇ ਪਿਆਰ ਦਾ ਪਤਾ ਹੈ। ਉਹ ਫਿਰ ਵੀ ਅਣਜਾਣ ਬਣਦਾ ਹੋਇਆ ਪੂਰਨ ਨੂੰ ਲੂਣੀ ਤੋਂ ਦੂਰ ਭੇਜਣ ਲਈ ਪਾਖੰਡ ਕਰਦਾ ਹੈ ਤੇ ਪੁੱਤਰ ਨੂੰ ਹੇਜ ਜਤਾਉਂਦਾ ਹੋਇਆ ਪੈਸੇ ਦੇ ਕੇ ਬਾਹਰ ਭੇਜ ਦਿੰਦਾ ਹੈ। ਪੂਰਨ ਦੇ ਦਿਲ ਵਿੱਚ ਵੀ ਸਲਵਾਨ ਲਈ ਕੜਵਾਹਟ ਹੈ, ਉਸਦੇ ਮਨ ਵਿੱਚ ਵੀ ਆਪਣੇ ਪਿਓ ਲਈ ਰੋਸ ਹੈ। ਉਹ ਲੂਣੀ ਨੂੰ ਉਸ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਕਾਹਲਾ ਹੈ ਪਰ ਪੈਸੇ ਅੱਗੇ ਸਭ ਬੇਕਾਰ ਹੋ ਜਾਂਦਾ ਹੈ। ਆਪਣੀ ਗ਼ਰੀਬੀ ਤੇ ਸੁਨਹਿਰੇ ਭਵਿੱਖ ਅੱਗੇ ਪੂਰਨ ਲੂਣੀ ਵਲੋਂ ਅੱਖਾਂ ਫੇਰ ਜਾਂਦਾ ਹੈ। ਪੈਸੇ ਦੀ ਲਾਲਸਾ ਦੋਹਾਂ ਦਾ ਈਮਾਨ ਖੋਹ ਲੈਂਦੀ ਹੈ। ਲੂਣੀ ਨੂੰ ਜਦੋਂ ਪੂਰਨ ਦੇ ਚਲੇ ਜਾਣ ਦਾ ਪਤਾ ਲੱਗਦਾ ਹੈ ਤਾਂ ਉਹ ਸਲਵਾਨ ਵੱਲ ਸਾਧੇ ਨਿਸ਼ਾਨੇ ਨੂੰ ਅਕਾਸ਼ ਵੱਲ ਚਲਾ ਦਿੰਦੀ ਹੈ। ਉਸ ਦਾ ਇਹ ਵਿਦਰੋਹ ਚੇਤਨਾ ਦਾ ਸੂਚਕ ਤਾਂ ਬਣਦਾ ਹੈ ਪਰ ਮਰਿਆਦਾ ਵਿੱਚ ਬੰਨੀ ਔਰਤ ਦੀ ਮਰਦ ਉੱਤੇ ਨਿਰਭਰਤਾ ਅਤੇ ਉਸਦੀ ਗੁਲਾਮੀ ਨੂੰ ਔਲਖ ਉਸਦੀ ਹੋਣੀ ਨਾਲ ਜੋੜਦਾ ਦਿਖਾਈ ਦਿੰਦਾ ਹੈ। ਇਸ ਨਾਟਕ ਦਾ ਪੂਰਨ ਕੋਈ ਜਤ ਸਤ ਦਾ ਪ੍ਰਤੀਕ ਭਗਤ ਨਹੀਂ ਹੈ ਬਲਕਿ ਗ਼ਰੀਬੀ ਦਾ ਮਾਰਿਆ ਤੇ ਸੁਨਹਿਰੀ ਭਵਿੱਖ ਦੀ ਲਾਲਸਾ ਰੱਖਣ ਵਾਲਾ ਨੌਜਵਾਨ ਹੈ ਜੋ ਕਿ ਆਪਣਾ ਈਮਾਨ ਭੁੱਲ ਕੇ ਪੈਸੇ ਅੱਗੇ ਵਿਕ ਜਾਂਦਾ ਹੈ। ਗ਼ਰੀਬੀ ਦਾ ਸੰਤਾਪ ਤੇ ਪੈਸੇ ਦੀ ਤਾਕਤ ਅੱਗੇ ਰਿਸ਼ਤਿਆਂ ਵਿੱਚ ਕਈ ਫੇਰਬਦਲ ਵਾਪਰਦੇ ਹਨ ਜੋ ਕਿ ਇਸ ਨਾਟਕ ਵਿੱਚੋਂ ਵਿਖਾਈ ਦਿੰਦੇ ਹਨ। ਪਦਾਰਥ ਦੇ ਇਸ ਯੁੱਗ ਵਿੱਚ ਪੈਸੇ ਬਦਲੇ ਰਿਸ਼ਤਿਆਂ ਦੀ ਦਿੱਤੀ ਜਾ ਰਹੀ ਬਲੀ ਪ੍ਰਤੀ ਸੰਕੇਤ ਕਰ ਕੇ ਔਲਖ ਮਾਨਵੀ ਮੁੱਲਾਂ ਵਿੱਚ ਆ ਰਹੇ ਨਿਘਾਰ ਪ੍ਰਤੀ ਸਾਵਧਾਨ ਕਰਦਾ ਹੈ। ਅਜਮੇਰ ਔਲਖ ਦੀ ਕਲਾਤਮਕਤਾ ਬਾਰੇ ਡਾ. ਉਮਾ ਸੇਠੀ ਆਪਣੇ ਵਿਚਾਰ ਪੇਸ਼ ਕਰਦੇ ਹਨ ਕਿ:

*ਔਲਖ ਦੀ ਕਲਾਤਮਕਤਾ ਇਸ ਗੱਲ ਵਿੱਚ ਹੈ ਕਿ ਉਸ ਨੇ ਕਿਸੇ ਵੀ ਇਕ ਧਿਰ ਦੀ ਉਪਭਾਵੁਕ ਹੋ ਕੇ ਵਕਾਲਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਪਾਠਕਾਂ ਨੂੰ ਸੁਚੇਤ ਤੌਰ 'ਤੇ ਸਮੱਸਿਆ ਦੀ ਡੂੰਘਾਈ ਨਾਲ ਜੋੜਦਿਆਂ ਜਮਾਤੀ ਸਮਾਜ 'ਚੋ ਉਪਜੇ ਸੰਕਟ ਪ੍ਰਤੀ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ।*[11]

ਅਜਮੇਰ ਔਲਖ ਆਪਣੇ ਇਸ ਨਾਟਕ ਰਾਹੀਂ ਸਮਾਜ ਵਿੱਚ ਗ਼ਰੀਬੀ ਕਾਰਨ ਵਾਪਰ ਰਹੇ ਅਨੈਤਿਕ ਸੰਬੰਧਾਂ ਦੇ ਸੱਚ ਨੂੰ ਦਰਸਾ ਰਿਹਾ ਹੈ ਜੋ ਕਿ ਨੈਤਿਕ ਕਦਰਾਂ ਕੀਮਤਾਂ ਦੇ ਵਿਰੋਧਾ ਵਿੱਚ ਖੜ੍ਹੇ ਹਨ। ਆਰਥਿਕ ਸੰਕਟ ਵਿੱਚ ਨਪੀੜੀ ਨਿਮਨ ਕਿਰਸਾਨੀ ਦੇ ਭਾਵੁਕ ਮਸਲਿਆਂ ਦਾ ਪ੍ਰਸ਼ਨ ਉਭਾਰਦੀ ਇਹ ਨਾਟ-ਰਚਨਾ ਮਾਨਵੀ ਰਿਸ਼ਤਿਆਂ ਦੇ ਵਿਆਪ ਰਹੇ ਸੰਕਟ ਦੀ ਬੜੀ ਕਲਾਤਮਕਤਾ ਨਾਲ ਨਿਸ਼ਾਨਦੇਹੀ ਕਰਦੀ ਹੈ। ਸਾਰੀ ਚਰਚਾ ਤੋਂ ਬਾਅਦ ਇਸ ਨਾਟਕ ਬਾਰੇ ਡਾ. ਗੁਰਪ੍ਰੀਤ ਕੌਰ ਲਿਖਦੇ ਹਨ ਕਿ

*"ਸਲਵਾਨ ਨਾਟਕ ਵਿੱਚ ਔਲਖ ਨੇ ਸਮਾਜ ਵਿੱਚ ਪੈਸੈ ਦੀ ਸਰਦਾਰੀ ਕਾਰਨ ਕਾਬਜ਼ ਹੋਈ ਧਿਰ ਦੁਆਰਾ ਅੰਨ੍ਹੀ ਕੀਤੀ ਉਸ ਗ਼ਰੀਬ ਧਿਰ ਨੂੰ ਪੇਸ਼ ਕੀਤਾ ਹੈ ਜੋ ਆਪਣਿਆਂ ਨੂੰ ਹੀ ਦੁਸ਼ਮਣ ਸਮਝਣ ਲੱਗ ਪੈਂਦੀ ਹੈ। ਜਿੰਨਾ ਚਿਰ ਛੋਟੀ ਕਿਸਾਨੀ ਸਮਾਜ ਵਿੱਚ ਕਾਬਜ਼ ਜਮਾਤਾਂ ਦੀ ਸਰਦਾਰੀ ਤੋਂ ਮੁਕਤ ਨਹੀਂ ਹੁੰਦੀ ਉਨਾਂ ਚਿਰ ਹੀ ਉਸਨੂੰ ਦਮਨ ਦਾ ਸ਼ਿਕਾਰ ਹੋਣਾ ਪਵੇਗਾ।"*[12]

ਸਮੁੱਚੇ ਤੌਰ 'ਤੇ ਅਜਮੇਰ ਸਿੰਘ ਔਲਖ ਦਾ ਨਾਟਕ 'ਸਲਵਾਨ' ਪੂਰਨ-ਲੂਣਾ ਦੀ ਪਰੰਪਰਾਗਤ ਮਿੱਥ ਦਾ ਮਹਿਜ਼ ਦੋਹਰਾਓ ਨਹੀਂ ਹੈ, ਬਲਕਿ ਇਹ ਨਿਮਨ ਕਿਸਾਨੀ ਦੇ ਆਰਥਿਕ ਸੰਕਟ ਅਤੇ ਪਦਾਰਥਵਾਦੀ ਯੁੱਗ ਵਿੱਚ ਟੁੱਟ ਰਹੇ ਮਾਨਵੀ ਰਿਸ਼ਤਿਆਂ ਦਾ ਇੱਕ ਭਾਵੁਕ ਤੇ ਬੌਧਿਕ ਦਸਤਾਵੇਜ਼ ਹੈ। ਨਾਟਕਕਾਰ ਨੇ ਪੈਸੇ ਦੀ ਅੰਨ੍ਹੀ ਸਰਦਾਰੀ, ਗ਼ਰੀਬੀ ਦੀ ਬੇਵਸੀ ਅਤੇ ਜਮਾਤੀ ਸਮਾਜ ਦੇ ਕੁੜੱਤਣ ਭਰੇ ਸੱਚ ਨੂੰ ਬਹੁਤ ਹੀ ਕਲਾਤਮਕਤਾ ਨਾਲ ਉਭਾਰਿਆ ਹੈ। ਇਸ ਨਾਟਕ ਵਿੱਚ ਪਰੰਪਰਾਗਤ ਰਿਸ਼ਤਿਆਂ ਦੀ ਸਮਾਜਿਕ ਤੇ ਨੈਤਿਕ ਮਰਿਆਦਾ ਪੈਸੇ ਦੀ ਤਾਕਤ ਅਤੇ ਸੁਨਹਿਰੀ ਭਵਿੱਖ ਦੀ ਲਾਲਸਾ ਅੱਗੇ ਦਮ ਤੋੜਦੀ ਨਜ਼ਰ ਆਉਂਦੀ ਹੈ, ਜਿੱਥੇ ਪੂਰਨ ਵਰਗਾ ਪਾਤਰ ਵੀ ਆਪਣੇ ਈਮਾਨ ਦਾ ਸੌਦਾ ਕਰ ਲੈਂਦਾ ਹੈ। ਦੂਜੇ ਪਾਸੇ, ਅੱਛਰੋ ਅਤੇ ਲੂਣੀ ਵਰਗੇ ਪਾਤਰ ਮਰਦ-ਪ੍ਰਧਾਨ ਅਤੇ ਸਰਮਾਏਦਾਰੀ ਵਿਵਸਥਾ ਵਿੱਚ ਔਰਤ ਦੀ ਬੇਵਸੀ, ਗੁਲਾਮੀ ਅਤੇ ਆਪਸੀ ਸਾਂਝ ਨੂੰ ਰੂਪਮਾਨ ਕਰਦੇ ਹਨ।

## ਹਵਾਲੇ ਅਤੇ ਟਿੱਪਣੀਆ


1. ਸੁਖਦੇਵ ਸਿੰਘ, ਸਲਵਾਨ: ਸਮਾਨਾਂਤਰ ਕਲਚਰ ਦੀ ਸਿਰਜਣਾ, ਸੁਖਦੇਵ ਸਿੰਘ (ਸੰਪਾ.), ਅਜਮੇਰ ਔਲਖ ਦੀ ਨਾਟ-ਭੂਮੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ: 153
2. ਅਜਮੇਰ ਔਲਖ, ਸਲਵਾਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ: 8
3. ਉਹੀ, ਪੰਨਾ: 10
4. ਉਮਾ ਸੇਠੀ (ਡਾ.), ਅਜਮੇਰ ਔਲਖ ਦੇ ਨਾਟਕ ਸਲਵਾਨ ਦੇ ਪ੍ਰਮੁੱਖ ਸਰੋਕਾਰ, ਖੋਜ ਪਤ੍ਰਿਕਾ, ਅੰਕ 62, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ: 232-233
5. ਅਜਮੇਰ ਔਲਖ, ਸਲਵਾਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2014, ਪੰਨਾ: 35
6. ਉਹੀ, ਪੰਨਾ: 3
7. ਉਹੀ
8. ਉਹੀ, ਪੰਨੇ: 39-40
9. ਉਹੀ, ਪੰਨੇ: 38-39
10. ਉਹੀ, ਪੰਨਾ: 50
11. ਉਮਾ ਸੇਠੀ (ਡਾ.), ਅਜਮੇਰ ਔਲਖ ਦੇ ਨਾਟਕ ਸਲਵਾਨ ਦੇ ਪ੍ਰਮੁੱਖ ਸਰੋਕਾਰ, ਖੋਜ ਪਤ੍ਰਿਕਾ, ਅੰਕ 62, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 235
12. ਗੁਰਪ੍ਰੀਤ ਕੌਰ(ਡਾ.),ਅਜਮੇਰ ਔਲਖ ਰਚਿਤ ਨਾਟਕ ਸਲਵਾਨ ਇੱਕ ਅਧਿਐਨ, ਸੁਨੀਲ ਕੁਮਾਰ (ਸੰਪਾ.),ਪੰਜਾਬੀ ਨਾਟਕ ਸੰਦਰਭ ਅਤੇ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2017, ਪੰਨਾ: 48


## *Cite this Article-*

*ਕਿਰਨਦੀਪ ਕੌਰ (Kirandeep Kaur), ਅਜਮੇਰ ਔਲਖ ਦੇ ਨਾਟਕ 'ਸਲਵਾਨ' ਦੇ ਮੁੱਖ ਸਰੋਕਾਰ (Ajmer Aulakh De Natak 'Salwaan' De Mukh Sarokaar), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 55-58.*

*Journal URL: www.armaan.org.in*

*DOI: https://doi.org/10.64119/armaan.vol.4.issue2.11*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*